Punjab Government Gazette

EXTRAORDINARY

Published by Authority

CHANDIGARH, FRIDAY, JUNE 5, 2026
(JYAISTHA 15, 1948 SAKA)

ਵਿਧਾਨਕ ਅਨੁਪੂਰਕ

	ਮਜ਼ਮੂਨ	ਪੰਨੇ
ਭਾਗ I	**ਐਕਟ**	
	1. ਪੰਜਾਬ ਅਚੇਤ ਫ਼ੰਡ ਐਕਟ, 1950 (1950 ਦਾ ਪੰਜਾਬ ਐਕਟ ਨੰ. 13)	...673-674
	2. ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਐਕਟ, 2003 (2003 ਦਾ ਪੰਜਾਬ ਐਕਟ ਨੰ. 11)	...675-683
ਭਾਗ II	**ਆਰਡੀਨੈਂਸ**	
	ਕੋਈ ਨਹੀਂ	
ਭਾਗ III	**ਅਧੀਨ ਵਿਧਾਨਕਾਰੀ**	
	ਕੋਈ ਨਹੀਂ	
ਭਾਗ IV	**ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ**	
	ਕੋਈ ਨਹੀਂ	

ਭਾਗ –1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 5 ਜੂਨ, 2026

ਨੰ. 46/ਭ:ਕ/2026.- ਪੰਜਾਬ ਅਚੇਤ ਫ਼ੰਡ ਐਕਟ, 1950 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ਓ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

NOTIFICATION

The 5th June, 2026

No. 46/L.C./2026.- The Translation in Punjabi of the Punjab Contingency Fund Act, 1950 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਅਚੇਤ ਫੰਡ ਐਕਟ, 1950

(1950 ਦਾ ਪੰਜਾਬ ਐਕਟ ਨੰ. 13)

ਪੰਜਾਬ ਰਾਜ ਵਿੱਚ ਅਚੇਤ ਫੰਡ ਦੀ ਸਥਾਪਨਾ ਅਤੇ ਰੱਖ-ਰਖਾਅ ਲਈ ਉਪਬੰਧ ਕਰਨ ਲਈ ਐਕਟ।

ਕਿਉਂਜੋ ਸੰਵਿਧਾਨ ਦੇ ਅਨੁਛੇਦ 205 ਜਾਂ ਅਨੁਛੇਦ 206 ਦੇ ਅਧੀਨ ਰਾਜ ਦੇ ਵਿਧਾਨ ਮੰਡਲ ਦੇ ਕਾਨੂੰਨ ਦੁਆਰਾ ਅਜਿਹੇ ਖ਼ਰਚ ਦੇ ਅਖ਼ਤਿਆਰਤ ਹੋਣ ਤੱਕ ਰਾਜਪਾਲ ਨੂੰ ਫ਼ੰਡ ਵਿੱਚੋਂ ਅਣਚਿੰਤਿਆ ਖ਼ਰਚ ਦੀ ਪੂਰਤੀ ਕਰਨ ਦੇ ਪ੍ਰਯੋਜਨਾਂ ਲਈ ਪੇਸ਼ਗੀਆਂ ਦੇਣ ਲਈ ਸਮਰੱਥ ਬਣਾਉਣ ਹਿੱਤ ਪੰਜਾਬ ਰਾਜ ਵਿੱਚ ਉਸ ਦੇ ਅਖ਼ਤਿਆਰ ਤੇ ਰੱਖੇ ਜਾਣ ਵਾਲੇ ਅਚੇਤ ਫ਼ੰਡ ਦੀ ਸਥਾਪਨਾ ਅਤੇ ਰੱਖ-ਰਖਾਅ ਦਾ ਉਪਬੰਧ ਕਰਨਾ ਕਾਲ-ਉਚਿਤ ਹੈ;

ਅਤੇ ਕਿਉਂਜੋ ਰਾਜ ਦੇ ਵਿਧਾਨ ਮੰਡਲ ਨੂੰ ਭਾਰਤ ਦੇ ਸੰਵਿਧਾਨ ਦੇ ਅਨੁਛੇਦ 267 ਦੇ ਖੰਡ (2) ਦੁਆਰਾ ਕਾਨੂੰਨ ਦੁਆਰਾ ਅਜਿਹਾ ਫੰਡ ਸਥਾਪਤ ਕਰਨ ਲਈ ਸ਼ਕਤਵਾਨ ਬਣਾਇਆ ਗਿਆ ਹੈ;

ਇਸ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣਿਆ :–

1. (1) ਇਸ ਐਕਟ ਨੂੰ ਪੰਜਾਬ ਅਚੇਤ ਫੰਡ ਐਕਟ, 1950 ਕਿਹਾ ਜਾ ਸਕੇਗਾ। ਸੰਖੇਪ ਨਾਂ, ਵਿਸਤਾਰ ਅਤੇ ਅਰੰਭ ।

(2) ਇਸ ਦਾ ਵਿਸਤਾਰ ਪੂਰੇ ਪੰਜਾਬ ਰਾਜ ਤੇ ਹੈ।

(3) ਇਹ ਤੁਰੰਤ ਨਾਫ਼ਜ ਹੋਵੇਗਾ।

ਰਾਜ ਦੇ ਅਚੇਤ ਫ਼ੰਡ ਦੀ ਸਥਾਪਨਾ ।

2. ਪੰਜਾਬ ਰਾਜ ਲਈ "ਰਾਜ ਦੇ ਅਚੇਤ ਫ਼ੰਡ" ਦੇ ਨਾਂ ਨਾਲ ਇੱਕ ਅਗਾਊਂ ਰਕਮ ਦੀ ਪ੍ਰਕਿਰਤੀ ਦਾ ਫ਼ੰਡ ਸਥਾਪਤ ਕੀਤਾ ਜਾਵੇਗਾ ਜਿਸ ਵਿੱਚ ਰਾਜ ਦੇ ਸੰਚਿਤ ਫ਼ੰਡ ਵਿੱਚੋਂ ਪੱਚੀ ਕਰੋੜ ਰੁਪਏ ਦੀ ਰਕਮ ਅਦਾ ਕੀਤੀ ਜਾਵੇਗੀ:

ਪਰੰਤੂ ਪੰਜਾਬ ਅਚੇਤ ਫ਼ੰਡ (ਸੋਧ) ਐਕਟ, 1988 ਦੇ ਅਰੰਭ ਹੋਣ ਤੋਂ ਸ਼ੁਰੂ ਹੋਣ ਵਾਲੀ ਅਤੇ ਦਸੰਬਰ, 1988 ਦੇ ਇਕੱਤੀਵੇਂ ਦਿਨ ਖ਼ਤਮ ਹੋਣ ਵਾਲੀ ਮੁੱਦਤ ਦੇ ਦੌਰਾਨ, ਇਹ ਧਾਰਾ ਇਸ ਰੂਪਭੇਦ ਦੇ ਤਾਬੇ ਪ੍ਰਭਾਵੀ ਹੋਵੇਗੀ ਕਿ 'ਪੱਚੀ ਕਰੋੜ ਰੁਪਏ' ਸ਼ਬਦਾਂ ਦੀ ਥਾਵੇਂ, 'ਇੱਕ ਸੌ ਪੈਂਤੀ ਕਰੋੜ ਰੁਪਏ' ਸ਼ਬਦ ਰੱਖੇ ਜਾਣਗੇ।

ਪ੍ਰਯੋਜਨ ਜਿਨ੍ਹਾਂ ਲਈ ਫ਼ੰਡ ਦੀ ਵਰਤੋਂ ਕੀਤੀ ਜਾ ਸਕੇਗੀ ।

3. ਫ਼ੰਡ ਪੰਜਾਬ ਦੇ ਰਾਜਪਾਲ ਦੇ ਅਖ਼ਤਿਆਰ ਤੇ ਰੱਖਿਆ ਜਾਵੇਗਾ, ਜੋ ਕਾਨੂੰਨ ਦੁਆਰਾ ਕੀਤੀਆਂ ਗਈਆਂ ਨਮਿੱਤਣਤਾਵਾਂ ਦੇ ਅਧੀਨ ਰਾਜ ਦੇ ਵਿਧਾਨ ਮੰਡਲ ਦੁਆਰਾ ਅਜਿਹੇ ਖ਼ਰਚ ਦੇ ਅਖ਼ਤਿਆਰਤ ਹੋਣ ਤੱਕ ਇਸਨੂੰ ਰਾਜ ਦੇ ਅਣਚਿੰਤਿਆ ਖ਼ਰਚ ਦੀ ਪੂਰਤੀ ਕਰਨ ਲਈ ਸਮੇਂ-ਸਮੇਂ ਤੇ ਪੇਸ਼ਗੀਆਂ ਦੇਣ ਦੇ ਪ੍ਰਯੋਜਨਾਂ ਤੋਂ ਇਲਾਵਾ ਖ਼ਰਚ ਨਹੀਂ ਕਰੇਗਾ; ਅਤੇ ਅਜਿਹੇ ਕਾਨੂੰਨ ਦੇ ਅਮਲ ਵਿੱਚ ਆਉਣ ਤੋਂ ਤੁਰੰਤ ਪਿੱਛੋਂ, ਉਕਤ ਪ੍ਰਯੋਜਨਾਂ ਲਈ ਰਾਜਪਾਲ ਦੁਆਰਾ ਦਿੱਤੀ ਗਈ ਰਕਮ ਜਾਂ ਰਕਮਾਂ ਦੇ ਬਰਾਬਰ ਰਕਮ ਫ਼ੰਡ ਦੇ ਨਾਂ ਜਮ੍ਹਾਂ ਕੀਤੀ ਸਮਝੀ ਜਾਵੇਗੀ ਅਤੇ ਇਸ ਤਰ੍ਹਾਂ ਬਦਲੀ ਕੀਤੀ ਗਈ ਜਾਂ ਬਦਲੀ ਕੀਤੀ ਗਈ ਸਮਝੀ ਗਈ ਰਕਮ ਸਾਰੇ ਪ੍ਰਯੋਜਨਾਂ ਲਈ ਫ਼ੰਡ ਦਾ ਹਿੱਸਾ ਬਣੇਗੀ।

ਨਿਯਮ ਬਣਾਉਣ ਦੀ ਸ਼ਕਤੀ ।

4. (1) ਰਾਜ ਸਰਕਾਰ ਅਧਿਸੂਚਨਾ ਦੁਆਰਾ ਐਕਟ ਦੇ ਸਾਰੇ ਜਾਂ ਕਿਸੇ ਵੀ ਪ੍ਰਯੋਜਨ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਇਸ ਐਕਟ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ, ਅਜਿਹੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਕੀਤੇ ਜਾਣੋਂ ਛੱਡ ਦਿੱਤੀ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

3739/6-2026/Pb. Govt. Press, S.A.S. Nagar

ਭਾਗ –1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 5 ਜੂਨ, 2026

ਨੰ. 47/ਭ:ਕ/2026.– ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਐਕਟ, 2003 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ਉ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

NOTIFICATION

The 5th June, 2026

No. 47/L.C./2026.- The Translation in Punjabi of the Punjab Fiscal Responsibility and Budget Management Act, 2003 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਐਕਟ, 2003

(2003 ਦਾ ਪੰਜਾਬ ਐਕਟ ਨੰ: 11)

ਵਿੱਤੀ ਪ੍ਰਬੰਧਨ ਵਿੱਚ ਪੀੜ੍ਹੀਗਤ ਸਮਤਾ ਅਤੇ ਵਿੱਤੀ ਘਾਟੇ ਨੂੰ ਸੀਮਤ ਕਰਨ ਲਈ ਕਾਫ਼ੀ ਵਾਫ਼ਰ ਮਾਲੀਆ ਪ੍ਰਾਪਤ ਕਰਕੇ ਅਤੇ ਰਾਜ ਸਰਕਾਰ ਦੇ ਉਧਾਰਾਂ, ਕਰਜ਼ਿਆਂ ਅਤੇ ਘਾਟਿਆਂ ਤੇ ਸੀਮਾਵਾਂ ਰਾਹੀਂ, ਵਿੱਤੀ ਸਥਿਰਤਾ ਨਾਲ ਸੰਗਤ ਵਿਵੇਕਪੂਰਣ ਰਿਣ ਪ੍ਰਬੰਧਨ, ਰਾਜ ਸਰਕਾਰ ਦੇ ਵਿੱਤੀ ਅਮਲਾਂ ਵਿੱਚ ਵਧੇਰੇ ਪਾਰਦਰਸ਼ਤਾ ਅਤੇ ਇੱਕ ਮੱਧ–ਅਉਧ ਦੇ ਢਾਂਚੇ ਵਿੱਚ ਵਿੱਤੀ ਨੀਤੀ ਦਾ ਸੰਚਾਲਨ ਕਰਦੇ ਹੋਏ ਲੰਮੀ ਅਉਧ ਵਿੱਤੀ ਸਥਿਰਤਾ ਯਕੀਨੀ ਬਣਾਉਣ ਲਈ ਰਾਜ ਸਰਕਾਰ ਦੀ ਜ਼ਿੰਮੇਵਾਰੀ ਲਈ ਅਤੇ ਇਸ ਨਾਲ ਸਬੰਧਤ ਜਾਂ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਚੁਰੰਜਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਐਕਟ, 2003 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਉਸ ਤਰੀਕ ਤੋਂ ਨਾਫ਼ਜ਼ ਹੋਵੇਗਾ ਜੋ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ, ਅਧਿਸੂਚਨਾ ਦੁਆਰਾ, ਇਸ ਨਮਿੱਤ ਨਿਯਤ ਕਰੇ।

ਪਰਿਭਾਸ਼ਾਵਾਂ। 2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) "ਸਲਾਨਾ ਬਜਟ" ਦਾ ਮਤਲਬ ਹੈ ਭਾਰਤ ਦੇ ਸੰਵਿਧਾਨ ਦੇ ਅਨੁਛੇਦ 202 ਦੇ ਅਧੀਨ ਪੰਜਾਬ ਵਿਧਾਨ ਸਭਾ ਦੇ ਅੱਗੇ ਰੱਖਿਆ ਗਿਆ ਸਲਾਨਾ ਵਿੱਤੀ ਵਿਵਰਣ;

(ਅ) "ਵਿੱਤੀ ਘਾਟਾ" ਦਾ ਮਤਲਬ ਹੈ ਮਾਲੀਆ ਘਾਟਾ, ਜਮ੍ਹਾਂ ਬਜਟ ਪੂੰਜੀ ਖ਼ਰਚ ਜਿਸ ਵਿੱਚ ਦਿੱਤੇ ਨਿਰੋਲ ਕਰਜ਼ੇ ਮਨਫ਼ੀ ਹੋਰ ਗੈਰ-ਰਿਣ ਪੂੰਜੀ ਆਮਦਨ ਸ਼ਾਮਲ ਹੈ। ਹਾਲਾਂਕਿ, ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਸ ਪਰਿਭਾਸ਼ਾ ਦੇ ਪ੍ਰਯੋਜਨ ਲਈ, ਬਜਟ ਤੋਂ ਬਾਹਰ ਦੇ ਉਧਾਰਾਂ ਨੂੰ ਰਾਜ ਸਰਕਾਰ ਦੁਆਰਾ ਲਏ ਗਏ ਉਧਾਰ ਮੰਨਿਆ ਜਾਵੇਗਾ, ਅਤੇ ਊਰਜਾ ਖੇਤਰ ਵਿੱਚ ਉੱਦਮਾਂ ਨੂੰ ਦੇਣਯੋਗ ਉਪਦਾਨਾਂ ਤੇ ਕੀਤੇ ਗਏ ਖ਼ਰਚ, ਭਾਵੇਂ ਅਦਾ ਕੀਤੇ ਗਏ ਹੋਣ ਜਾਂ ਨ, ਨੂੰ ਰਾਜ ਸਰਕਾਰ ਦੁਆਰਾ ਖ਼ਰਚ ਦੇ ਤੌਰ ਤੇ ਮੰਨਿਆ ਜਾਵੇਗਾ;

(ੲ) "ਵਿੱਤੀ ਸੰਕੇਤਕਾਂ" ਦਾ ਮਤਲਬ ਹੈ ਰਾਜ ਸਰਕਾਰ ਦੀ ਵਿੱਤੀ ਸਥਿਤੀ ਦੇ ਮੁਲਾਂਕਣ ਲਈ ਸੰਖਿਆਤਮਕ ਉੱਚਤਮ ਹੱਦਾਂ ਅਤੇ ਕੁੱਲ ਘਰੇਲੂ ਉਤਪਾਦ ਦੇ ਅਨੁਪਾਤ ਵਰਗੇ ਉਪਾਅ, ਜੋ ਮੁਕੱਰਰ ਕੀਤੇ ਜਾਣ;

(ਸ) "ਬਜਟ ਤੋਂ ਬਾਹਰ ਉਧਾਰ" ਦਾ ਮਤਲਬ ਹੈ ਰਾਜ ਸਰਕਾਰ ਜਾਂ ਇਸ ਦੀਆਂ ਏਜੰਸੀਆਂ ਦੁਆਰਾ ਲਏ ਗਏ ਉਧਾਰ ਜੋ ਬਜਟ ਵਿੱਚ ਪ੍ਰਤੀਬਿੰਬਤ ਨਹੀਂ ਹੁੰਦੇ;

(ਹ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਕ) "ਰਿਜ਼ਰਵ ਬੈਂਕ" ਦਾ ਮਤਲਬ ਹੈ ਭਾਰਤੀ ਰਿਜ਼ਰਵ ਬੈਂਕ ਐਕਟ, 1934 (1934 ਦਾ ਐਕਟ 2) ਦੀ ਧਾਰਾ 3 ਦੀ ਉਪ-ਧਾਰਾ (1) ਅਧੀਨ ਗਠਤ ਕੀਤਾ ਭਾਰਤੀ ਰਿਜ਼ਰਵ ਬੈਂਕ;

(ਖ) "ਮਾਲੀਆ ਘਾਟਾ" ਦਾ ਮਤਲਬ ਹੈ ਬਜਟ ਮਾਲੀਆ ਆਮਦਨ ਮਨਫ਼ੀ ਬਜਟ ਮਾਲੀਆ ਖ਼ਰਚ। ਹਾਲਾਂਕਿ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਮਾਲੀਆ ਘਾਟੇ ਦੀ ਗਣਨਾ ਕਰਨ ਦੇ ਪ੍ਰਯੋਜਨ ਲਈ, ਊਰਜਾ ਖੇਤਰ ਵਿੱਚ ਉੱਦਮਾਂ ਨੂੰ ਦੇਣਯੋਗ ਉਪਦਾਨਾਂ 'ਤੇ ਹੋਏ ਖ਼ਰਚ, ਭਾਵੇਂ ਅਦਾ ਕੀਤੇ ਗਏ ਹੋਣ ਜਾਂ ਨ, ਨੂੰ ਰਾਜ ਸਰਕਾਰ ਦੁਆਰਾ ਖ਼ਰਚ ਦੇ ਤੌਰ ਤੇ ਮੰਨਿਆ ਜਾਵੇਗਾ;

(ਗ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਦਾ ਵਿੱਤ ਵਿਭਾਗ; ਅਤੇ

(ਘ) "ਕੁੱਲ ਦੇਣਦਾਰੀਆਂ" ਦਾ ਮਤਲਬ ਹੈ ਭਾਰਤ ਦੇ ਸੰਵਿਧਾਨ ਦੇ ਅਨੁਛੇਦ 266 ਵਿੱਚ ਹਵਾਲਾ ਦਿੱਤੇ ਰਾਜ ਦੇ ਸੰਚਿਤ ਫ਼ੰਡ ਅਤੇ ਰਾਜ ਦੇ ਜਨਤਕ ਲੇਖੇ ਅਧੀਨ ਦੇਣਦਾਰੀਆਂ।

ਵਿਧਾਨ ਸਭਾ ਦੇ ਅੱਗੇ ਵਿੱਤੀ ਨੀਤੀ ਵਿਵਰਣ ਰੱਖਣਾ।

3. (1) ਰਾਜ ਸਰਕਾਰ ਹਰੇਕ ਵਿੱਤੀ ਸਾਲ ਵਿੱਚ ਪੰਜਾਬ ਵਿਧਾਨ ਸਭਾ ਅੱਗੇ, ਸਲਾਨਾ ਬਜਟ ਦੇ ਨਾਲ, ਮੱਧ-ਅਉਧ ਵਿੱਤੀ ਨੀਤੀ ਵਿਵਰਣ ਰੱਖੇਗੀ।

(2) ਮੱਧ-ਅਉਧ ਵਿੱਤੀ ਨੀਤੀ ਵਿਵਰਣ, ਬੁਨਿਆਦੀ ਮਨੌਂਤਾਂ ਦੇ ਵਿਸ਼ੇਸ਼ ਵਿਵਰਣ ਸਮੇਤ ਮੁਕੱਰਰ ਵਿੱਤੀ ਸੰਕੇਤਕਾਂ ਲਈ ਤਿੰਨ ਸਾਲਾਂ ਦਾ ਚਲਦਾ ਟੀਚਾ ਦੇਵੇਗੀ।

(3) ਖ਼ਾਸ ਕਰਕੇ ਅਤੇ ਉਪ-ਧਾਰਾ (2) ਵਿੱਚ ਦਰਜ ਉਪਬੰਧਾਂ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਮੱਧ-ਅਉਧ ਵਿੱਤੀ ਨੀਤੀ ਵਿਵਰਣ ਵਿੱਚ ਹੇਠ-ਲਿਖਿਆਂ ਸਬੰਧੀ ਸਥਿਰਤਾ ਦਾ ਨਿਰਧਾਰਣ ਸ਼ਾਮਲ ਹੋਵੇਗਾ-

(i) ਮਾਲੀਆ ਆਮਦਨ ਅਤੇ ਮਾਲੀਆ ਖ਼ਰਚਿਆਂ ਵਿਚਕਾਰ ਸੰਤੁਲਨ;

(ii) ਉਤਪਾਦਨ ਧਨ-ਧਾਮ ਪੈਦਾ ਕਰਨ ਲਈ ਬਾਜ਼ਾਰ ਉਧਾਰ ਸਮੇਤ ਪੂੰਜੀ ਪ੍ਰਾਪਤੀਆਂ ਦੀ ਵਰਤੋਂ;

(iii) ਪੂਰਵਲੇ ਸਾਲ ਵਿੱਚ ਮੁਕੱਰਰ ਵਿੱਤੀ ਸੰਕੇਤਕਾਂ ਦੇ ਪ੍ਰਦਰਸ਼ਨ ਦਾ ਪਹਿਲਾਂ ਦਿੱਤੇ ਟੀਚਿਆਂ ਦੇ ਮੁਕਾਬਲੇ ਮੁਲਾਂਕਣ ਅਤੇ ਸੋਧੇ ਹੋਏ ਅਨੁਮਾਨਾਂ ਅਨੁਸਾਰ ਮੌਜੂਦਾ ਵਿੱਤੀ ਸਾਲ ਵਿੱਚ ਸੰਭਾਵਤ ਪ੍ਰਦਰਸ਼ਨ; ਅਤੇ

(iv) ਵਿਕਾਸ ਅਤੇ ਵਾਧੇ ਲਈ ਰਾਜ ਸਰਕਾਰ ਦੀ ਵਿੱਤੀ ਸਥਿਤੀ ਨੂੰ ਪ੍ਰਭਾਵਤ ਕਰਨ ਵਾਲੀਆਂ ਕੁੱਝ ਚਿਰ ਪਹਿਲਾਂ ਤੱਕ ਦੀਆਂ ਆਰਥਿਕ ਪ੍ਰਵਿਰਤੀਆਂ ਅਤੇ ਭਵਿੱਖੀ ਸੰਭਾਵਨਾਵਾਂ 'ਤੇ ਵਿਵਰਣ।

(4) ਮੱਧ-ਅਉਧ ਵਿੱਤੀ ਨੀਤੀ ਵਿਵਰਣ ਵਿੱਚ, ਹੋਰ ਗੱਲਾਂ ਦੇ ਨਾਲ-ਨਾਲ,-

(i) ਕਰ, ਖ਼ਰਚ, ਬਾਜ਼ਾਰ ਉਧਾਰ ਅਤੇ ਹੋਰ ਦੇਣਦਾਰੀਆਂ (ਬਜਟ ਤੋਂ ਬਾਹਰ ਉਧਾਰ ਸਮੇਤ), ਉਧਾਰ ਦੇਣਾ ਅਤੇ ਨਿਵੇਸ਼, ਪ੍ਰਸ਼ਾਸਤ ਮਾਲ ਅਤੇ ਸੇਵਾਵਾਂ ਦੀ ਕੀਮਤ ਨਿਰਧਾਰਣ, ਸਕਿਉਰਿਟੀਆਂ ਅਤੇ ਹੋਰ ਸਰਗਰਮੀਆਂ, ਜਿਵੇਂ, ਗਰੰਟੀਆਂ ਅਤੇ ਜਨਤਕ ਖੇਤਰ ਦੇ ਉਪਕ੍ਰਮਾਂ ਦੀਆਂ ਸਰਗਰਮੀਆਂ ਜਿਨ੍ਹਾਂ ਦੇ ਸੰਭਾਵੀ ਬਜਟ ਪ੍ਰਭਾਵ ਹਨ, ਦੇ ਵਰਣਨ ਨਾਲ ਸਬੰਧਤ ਆਉਂਦੇ ਵਿੱਤੀ ਸਾਲ ਲਈ ਰਾਜ ਸਰਕਾਰ ਦੀਆਂ ਨੀਤੀਆਂ;

(ii) ਵਿੱਤੀ ਖੇਤਰ ਵਿੱਚ ਆਉਂਦੇ ਵਿੱਤੀ ਸਾਲ ਲਈ ਰਾਜ ਸਰਕਾਰ ਦੀਆਂ ਜੁਗਤੀ ਤਰਜੀਹਾਂ; ਅਤੇ

(iii) ਕਰ, ਉਪਦਾਨ, ਖ਼ਰਚ, ਪ੍ਰਸ਼ਾਸਤ ਕੀਮਤ ਨਿਰਧਾਰਣ ਅਤੇ ਉਧਾਰਾਂ ਸਬੰਧੀ ਵਿੱਤੀ ਉਪਾਵਾਂ ਵਿੱਚ ਕਿਸੇ ਵੀ ਵੱਡੇ ਲਾਂਭੇ ਹੋਣ ਲਈ ਮੁੱਖ ਵਿੱਤੀ ਉਪਾਅ ਅਤੇ ਤਰਕ;

ਸ਼ਾਮਲ ਹੋਣਗੇ।

(5) ਮੱਧ-ਅਉਧ ਵਿੱਤੀ ਨੀਤੀ ਵਿਵਰਣ ਅਜਿਹੇ ਰੂਪ ਵਿੱਚ ਹੋਵੇਗਾ, ਜੋ ਮੁਕੱਰਰ ਕੀਤਾ ਜਾਵੇ।

ਵਿੱਤੀ ਪ੍ਰਬੰਧਨ ਸਿਧਾਂਤ।

4. (1) ਰਾਜ ਸਰਕਾਰ ਮਾਲੀਆ ਘਾਟੇ ਨੂੰ ਖ਼ਤਮ ਕਰਨ ਅਤੇ ਵਿੱਤੀ ਘਾਟੇ ਨੂੰ ਕਾਬੂ ਕਰਨ ਲਈ ਮੁਨਾਸਬ ਉਪਾਅ ਕਰੇਗੀ।

(2) ਖ਼ਾਸ ਕਰਕੇ, ਅਤੇ ਪੂਰਵਗਾਮੀ ਉਪਬੰਧ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਰਾਜ ਸਰਕਾਰ,-

(ੳ) ਵਿੱਤੀ ਘਾਟੇ ਨੂੰ ਉਸ ਖ਼ਾਸ ਸਾਲ ਵਿੱਚ ਪ੍ਰਚੱਲਤ ਸੁਮੱਚੇ ਰਾਜ ਘਰੇਲੂ ਉਤਪਾਦ (ਜੀਐੱਸਡੀਪੀ) ਦੇ ਪ੍ਰਤੀਸ਼ਤ ਵਜੋਂ ਸੀਮਤ ਰੱਖੇਗੀ ਜਿਵੇਂ ਕੇਂਦਰੀ ਵਿੱਤ ਕਮਿਸ਼ਨ ਦੁਆਰਾ ਸਿਫ਼ਾਰਸ਼ ਕੀਤੀ ਗਈ ਹੋਵੇ ਅਤੇ ਜਿਵੇਂ ਭਾਰਤ ਸਰਕਾਰ ਦੁਆਰਾ ਆਗਿਆ ਦਿੱਤੀ ਗਈ ਹੋਵੇ;

(ਅ) ਉਸ ਖ਼ਾਸ ਸਾਲ ਵਿੱਚ ਸਮੁੱਚੇ ਰਾਜ ਘਰੇਲੂ ਉਤਪਾਦ (ਜੀਐੱਸਡੀਪੀ) ਦੇ ਪ੍ਰਤੀਸ਼ਤ ਵਜੋਂ ਮਾਲੀਆ ਘਾਟਾ ਪ੍ਰਾਪਤ ਕਰੇਗੀ ਜਿਵੇਂ ਕੇਂਦਰੀ ਵਿੱਤ ਕਮਿਸ਼ਨ ਦੁਆਰਾ ਸਿਫ਼ਾਰਸ਼ ਕੀਤੀ ਗਈ ਹੋਵੇ ਅਤੇ ਜਿਵੇਂ ਭਾਰਤ ਸਰਕਾਰ ਦੁਆਰਾ ਆਗਿਆ ਦਿੱਤੀ ਗਈ ਹੋਵੇ;

(ਏ) ਕਰਜ਼ ਨੂੰ ਉਸ ਖ਼ਾਸ ਸਾਲ ਵਿੱਚ ਪ੍ਰਚੱਲਤ ਸਮੁੱਚੇ ਰਾਜ ਘਰੇਲੂ ਉਤਪਾਦ (ਜੀਐਸਡੀਪੀ) ਦੇ ਪ੍ਰਤੀਸ਼ਤ ਵਜੋਂ ਸੀਮਤ ਰੱਖੇਗੀ ਜਿਵੇਂ ਕੇਂਦਰੀ ਵਿੱਤ ਕਮਿਸ਼ਨ ਦੁਆਰਾ ਸਿਫ਼ਾਰਸ਼ ਕੀਤੀ ਗਈ ਹੋਵੇ ਅਤੇ ਜਿਵੇਂ ਭਾਰਤ ਸਰਕਾਰ ਦੁਆਰਾ ਆਗਿਆ ਦਿੱਤੀ ਗਈ ਹੋਵੇ; ਅਤੇ

(ਸ) ਲੰਮੀ ਅਉਧ ਦੇ ਰਿਣ ਤੇ ਬਕਾਇਆ ਗਰੰਟੀਆਂ ਨੂੰ ਪਿਛਲੇ ਸਾਲ ਦੀ ਮਾਲੀਆ ਆਮਦਨ ਦੇ ਅੱਸੀ ਪ੍ਰਤੀਸ਼ਤ ਤੱਕ ਰੱਖੇਗੀ, ਅਲਪ ਅਉਧ ਦੇ ਰਿਣ ਤੇ ਗਰੰਟੀਆਂ ਕੇਵਲ ਕਾਰਜਸ਼ੀਲ ਪੂੰਜੀ ਜਾਂ ਖਾਧ-ਪਦਾਰਥ ਉਧਾਰ ਲਈ ਦਿੱਤੀਆਂ ਜਾਣ, ਜਿਸ ਸੂਰਤ ਵਿੱਚ ਇਹ ਪੂਰਨ ਤੌਰ ਤੇ ਭੌਤਿਕ ਸਟਾਕਾਂ ਦੁਆਰਾ ਸਮਰਥਤ ਹੋਣੀਆਂ ਚਾਹੀਦੀਆਂ ਹਨ।

(3) ਭਾਰਤ ਦੇ ਚੋਣ ਕਮਿਸ਼ਨ ਦੁਆਰਾ ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਲਈ ਐਲਾਨ ਕੀਤੇ ਜਾਣ ਤੋਂ ਬਾਅਦ, ਰਾਜ ਦੀਆਂ ਦੋ ਸਭ ਤੋਂ ਵੱਡੀਆਂ ਰਾਜਨੀਤਿਕ ਪਾਰਟੀਆਂ ਦੇ ਨੇਤਾ, ਜਨਤਕ ਚਰਚਾ ਨੂੰ ਸੌਖਾ ਬਣਾਉਣ ਦੀ ਦ੍ਰਿਸ਼ਟੀ ਨਾਲ, ਰਾਜ ਸਰਕਾਰ ਦੇ ਵਿੱਤ ਵਿਭਾਗ ਦੇ ਸਕੱਤਰ ਨੂੰ ਕਿਸੇ ਵੀ ਪਾਰਟੀ ਦੀਆਂ ਖੁੱਲ੍ਹੇਆਮ ਐਲਾਨੀਆਂ ਗਈਆਂ ਤਜਵੀਜ਼ਾਂ ਦੇ ਅੰਦਾਜ਼ਨ ਖਰਚ ਨੂੰ ਤਿਆਰ ਕਰਨ ਲਈ ਬੇਨਤੀ ਕਰ ਸਕਦੇ ਹਨ।

(4) ਕੋਈ ਕਾਰਜ, ਜੋ ਸਰਕਾਰੀ ਕਰਮਚਾਰੀਆਂ ਤੇ ਖਰਚ ਵਿੱਚ ਵਾਧਾ ਕਰਵਾ ਸਕਦਾ ਹੈ, ਰਾਜ ਮਾਲੀਏ ਵਿੱਚ ਛੋਟ ਕਰਵਾ ਸਕਦਾ ਹੈ ਜਾਂ ਜੋ ਭਵਿੱਖੀ ਮਾਲੀਏ ਦੇ ਆਧਾਰ ਤੇ ਉਧਾਰ ਕਿਰਿਆਵਾਂ ਕਰਵਾ ਸਕਦਾ ਹੈ, ਰਾਜ ਸਰਕਾਰ ਦੇ ਰਿਜ਼ਰਵ ਬੈਂਕ ਰਾਹੀਂ ਸੰਚਾਲਤ ਕੀਤੇ ਸਾਧਾਰਨ ਖੁੱਲ੍ਹੇ ਬਾਜ਼ਾਰ ਅਤੇ ਹੋਰ ਉਧਾਰਾਂ ਤੋਂ ਇਲਾਵਾ, ਪੰਜਾਬ ਵਿਧਾਨ ਸਭਾ ਦੀਆਂ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਛੇ ਮਹੀਨਿਆਂ ਦੀ ਮੁੱਦਤ ਦੇ ਅੰਦਰ ਨਹੀਂ ਕੀਤਾ ਜਾਵੇਗਾ।

(5) ਉਪ-ਧਾਰਾ (2) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਮਾਲੀਆ ਘਾਟਾ ਅਤੇ ਵਿੱਤੀ ਘਾਟਾ, ਅੰਦਰੂਨੀ ਗੜਬੜ ਜਾਂ ਕੁਦਰਤੀ ਆਫ਼ਤ ਜਾਂ ਰਾਸ਼ਟਰੀ ਸੁਰੱਖਿਆ ਜਾਂ ਜਿਵੇਂ ਰਾਜ ਸਰਕਾਰ ਉਲਿਖਤ ਕਰੇ, ਅਜਿਹੇ ਹੋਰ ਅਪਵਾਦੀ ਆਧਾਰ ਕਰਕੇ ਰਾਜ ਸਰਕਾਰ ਦੇ ਵਿੱਤ ਤੇ ਪੈਦਾ ਹੋਈਆਂ ਅਣਚਿੰਤਿਆ ਮੰਗਾਂ ਦੇ ਆਧਾਰ ਤੇ, ਭਾਰਤ ਸਰਕਾਰ ਦੁਆਰਾ ਸਮੇਂ ਸਮੇਂ ਤੇ ਉਲਿਖਤ ਕੀਤੇ ਅਨੁਸਾਰ ਸੀਮਾਵਾਂ ਤੋਂ ਵਧ ਸਕੇਗਾ।

(6) ਜੇਕਰ ਉਪ-ਧਾਰਾ (5) ਵਿੱਚ ਜ਼ਿਕਰ ਕੀਤੇ ਆਧਾਰ ਕਾਰਨ ਉਪ-ਧਾਰਾ (2) ਵਿੱਚ ਉਲਿਖਤ ਮਾਲੀਆ ਘਾਟਾ ਅਤੇ ਵਿੱਤੀ ਘਾਟਾ ਪੂਰਾ ਨਹੀਂ ਕੀਤਾ ਜਾ ਸਕਦਾ, ਤਾਂ ਰਾਜ ਸਰਕਾਰ ਆਫ਼ਤ ਦੀ ਨਿਰੋਲ ਵਿੱਤੀ ਲਾਗਤ ਦੀ ਸ਼ਨਾਖਤ ਕਰੇਗੀ ਅਤੇ ਅਜਿਹੀ ਲਾਗਤ ਉਲਿਖਤ ਸੀਮਾਵਾਂ ਦੇ ਅਪਾਲਣ ਦੀ ਹੱਦ ਤੱਕ ਉੱਚਤਮ ਹੱਦ ਪ੍ਰਦਾਨ ਕਰੇਗੀ।

ਵਿੱਤੀ ਪਾਰਦਰਸ਼ਤਾ ਲਈ ਉਪਾਅ।

5. (1) ਰਾਜ ਸਰਕਾਰ ਲੋਕ ਹਿੱਤ ਵਿੱਚ ਆਪਣੇ ਵਿੱਤੀ ਅਮਲਾਂ ਵਿੱਚ ਵਧੇਰੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਅਤੇ ਸਲਾਨਾ ਬਜਟ ਨੂੰ ਤਿਆਰ ਕਰਨ ਵਿੱਚ ਗੁਪਤਤਾ ਦਾ, ਜਿੱਥੋਂ ਤੱਕ ਅਮਲਯੋਗ ਹੋਵੇ, ਅਲਪੀਕਰਣ ਕਰਨ ਲਈ ਢੁੱਕਵੇਂ ਉਪਾਅ ਕਰੇਗੀ।

(2) ਖ਼ਾਸ ਕਰਕੇ, ਅਤੇ ਪੂਰਵਗਾਮੀ ਉਪਬੰਧ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਰਾਜ ਸਰਕਾਰ, ਸਲਾਨਾ ਬਜਟ ਪੇਸ਼ ਕਰਨ ਦੇ ਸਮੇਂ, ਮੁਕੱਰਰ ਕੀਤੇ ਗਏ ਫਾਰਮ ਵਿੱਚ, ਇੱਕ ਵਿਵਰਣ ਵਿੱਚ ਨਿਮਨਲਿਖਤ ਪ੍ਰਗਟ ਕਰੇਗੀ,-

(ੳ) ਮੁਕੱਰਰ ਵਿੱਤੀ ਸੰਕੇਤਕਾਂ ਦੇ ਹਿਸਾਬ ਨੂੰ ਪ੍ਰਭਾਵਿਤ ਕਰਦੀਆਂ ਜਾਂ ਪ੍ਰਭਾਵਿਤ ਕਰਨ ਦੀ ਸੰਭਾਵਨਾ ਵਾਲੇ ਲੇਖਾ ਮਿਆਰਾਂ, ਨੀਤੀਆਂ ਅਤੇ ਪ੍ਰਥਾਵਾਂ ਵਿੱਚ ਮਹੱਤਵਪੂਰਨ ਤਬਦੀਲੀਆਂ;

(ਅ) ਜਿੱਥੋਂ ਤੱਕ ਅਮਲਯੋਗ ਹੋਵੇ ਅਤੇ ਜਨਤਕ ਹਿੱਤ ਦੇ ਬਚਾਉ ਨਾਲ ਸੰਗਤ ਹੋਵੇ, ਗਰੰਟੀਆਂ ਦੇ ਤੌਰ 'ਤੇ ਸਿਰਜੀਆਂ ਗਈਆਂ ਅਚੇਤ ਦੇਣਦਾਰੀਆਂ, ਸੰਭਾਵਤ ਬਜਟ ਪ੍ਰਭਾਵ ਰੱਖਦੇ ਰਾਜ ਸਰਕਾਰ ਦੁਆਰਾ ਕੀਤੇ ਗਏ ਸਾਰੇ ਦਾਵੇ ਅਤੇ ਵਚਨਬੱਧਤਾਵਾਂ ਜਿਸ ਵਿੱਚ ਉਠਾਈਆਂ ਗਈਆਂ ਮਾਲੀਆ ਮੰਗਾਂ ਪਰ ਵਸੂਲ ਨ ਕੀਤੀਆਂ ਗਈਆਂ ਅਤੇ ਕਰ ਬਕਾਏ ਅਤੇ ਉਠਾਈ ਗਈ ਦੇਣਦਾਰੀ ਪਰ ਅਦਾ ਨਹੀਂ ਕੀਤੀ ਗਈ ਸ਼ਾਮਲ ਹਨ;

(ੲ) ਰਾਜ ਦੀ ਆਰਥਿਕਤਾ ਅਤੇ ਸਬੰਧਤ ਵਿੱਤੀ ਰਣਨੀਤੀ ਲਈ ਆਸਾਂ ਦੱਸਦਾ ਸਲਾਨਾ ਵਿਵਰਣ; ਅਤੇ

(ਸ) ਸਰਕਾਰੀ, ਜਨਤਕ ਖੇਤਰ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸੰਸਥਾਵਾਂ ਵਿੱਚ ਕਰਮਚਾਰੀਆਂ ਦੀ ਗਿਣਤੀ ਅਤੇ ਅਜਿਹੇ ਕਰਮਚਾਰੀਆਂ ਦੀਆਂ ਤਨਖਾਹਾਂ ਦੇ ਵੇਰਵੇ ਦੱਸਦੀਆਂ, ਬਜਟ ਦੇ ਨਾਲ ਵਿਸ਼ੇਸ਼ ਰਿਪੋਟਾਂ।

ਪਾਲਣ ਨੂੰ ਨਾਫ਼ਜ਼ ਕਰਨ ਲਈ ਉਪਾਅ।

6. (1) ਵਿੱਤ ਵਿਭਾਗ ਦਾ ਇੰਚਾਰਜ ਮੰਤਰੀ, ਹਰੇਕ ਤਿਮਾਹੀ ਪਿੱਛੋਂ, ਬਜਟ ਦੇ ਸਬੰਧ ਵਿੱਚ ਆਮਦਨ ਅਤੇ ਖਰਚ ਦੀਆਂ ਪ੍ਰਵਿਰਤੀਆਂ ਦੀ ਨਜ਼ਰਸਾਨੀ ਕਰੇਗਾ ਅਤੇ ਅਜਿਹੀਆਂ ਨਜ਼ਰਸਾਨੀਆਂ ਦੇ ਨਤੀਜੇ ਪੰਜਾਬ ਵਿਧਾਨ ਸਭਾ ਦੇ ਅੱਗੇ ਰੱਖੇਗਾ।

(2) ਖ਼ਾਸ ਕਰਕੇ, ਅਤੇ ਪੂਰਵਗਾਮੀ ਉਪਬੰਧਾਂ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨ੍ਹਾਂ, ਉਕਤ ਮੰਤਰੀ,–

(ੳ) ਇਸ ਐਕਟ ਅਧੀਨ ਰਾਜ ਸਰਕਾਰ ਤੇ ਲਗਾਈਆਂ ਗਈਆਂ ਬਾਂਧਾਂ ਨੂੰ ਪੂਰਾ ਕਰਨ ਵਿੱਚ ਕੋਈ ਵਿਚਲਨ;

(ਅ) ਕੀ ਅਜਿਹੀ ਵਿਚਲਨ ਸਾਰਵਾਨ ਹੈ ਅਤੇ ਵਾਸਤਵਿਕ ਜਾਂ ਸੰਭਾਵਤ ਬਜਟ ਨਤੀਜਿਆਂ ਨਾਲ ਸਬੰਧਤ ਹੈ; ਅਤੇ

(ੲ) ਉਪਚਾਰਕ ਉਪਾਅ ਜਿਨ੍ਹਾਂ ਨੂੰ ਕਰਨ ਦੀ ਰਾਜ ਸਰਕਾਰ ਵੱਲੋਂ ਤਜਵੀਜ਼ ਹੈ,

ਬਾਰੇ ਵਿਆਖਿਆ ਕਰਦਿਆਂ ਇੱਕ ਬਿਆਨ ਦੇਵੇਗਾ।

(3) ਜਦੋਂ ਵੀ ਕਿਸੇ ਵਿੱਤੀ ਸਾਲ ਵਿੱਚ ਕਿਸੇ ਮੁੱਦਤ ਦੌਰਾਨ ਮਾਲੀਏ ਵਿੱਚ ਘਾਟ ਹੁੰਦੀ ਹੈ ਜਾਂ ਮੁਕੱਰਰ ਪੱਧਰਾਂ ਤੋਂ ਖਰਚ ਵਧ ਜਾਂਦਾ ਹੈ, ਤਾਂ ਰਾਜ ਸਰਕਾਰ ਅਜਿਹੀਆਂ ਰਕਮਾਂ ਦੇ ਨਮਿੱਤਣ ਲਈ ਉਪਬੰਧ ਕਰਨ ਲਈ ਪੰਜਾਬ ਰਾਜ ਵਿਧਾਨ ਮੰਡਲ ਦੁਆਰਾ ਬਣਾਏ ਗਏ ਕਿਸੇ ਵੀ ਐਕਟ ਅਧੀਨ ਰਾਜ ਦੇ ਸੰਚਿਤ ਫ਼ੰਡ ਤੋਂ ਅਤੇ

ਵਿੱਚੋਂ ਅਦਾਇਗੀ ਕੀਤੇ ਜਾਣ ਅਤੇ ਵਰਤੀਆਂ ਜਾਣ ਵਾਲੀਆਂ ਅਧਿਕਾਰਤ ਰਕਮਾਂ ਨੂੰ ਅਨੁਪਾਤਕ ਤੌਰ ਤੇ ਘਟਾ ਦੇਵੇਗੀ:

ਪਰੰਤੂ ਇਸ ਉਪ-ਧਾਰਾ ਵਿਚਲੀ ਕੋਈ ਗੱਲ ਸੰਵਿਧਾਨ ਦੇ ਅਨੁਛੇਦ 202 ਦੇ ਖੰਡ (3) ਅਧੀਨ ਰਾਜ ਦੇ ਸੰਚਿਤ ਫ਼ੰਡ ਤੇ ਭਾਰਿਤ ਖ਼ਰਚ ਤੇ ਲਾਗੂ ਨਹੀਂ ਹੋਵੇਗੀ।

(4) ਜਦੋਂ ਵੀ ਬਾਕੀ ਗਰੰਟੀਆਂ ਧਾਰਾ 4 ਦੀ ਉਪ-ਧਾਰਾ (2) ਦੇ ਖੰਡ (ਸ) ਵਿੱਚ ਉਲਿਖਤ ਸੀਮਾਵਾਂ ਤੋਂ ਵੱਧ ਜਾਂਦੀਆਂ ਹਨ, ਤਾਂ ਉੱਚ ਲਾਗਤ ਵਾਲੇ ਰਿਣ ਨੂੰ ਘੱਟ ਲਾਗਤ ਵਾਲੇ ਰਿਣ ਨਾਲ ਪ੍ਰਤਿਸਥਾਪਨ ਕਰਨ ਦੇ ਪ੍ਰਯੋਜਨ ਤੋਂ ਇਲਾਵਾ ਕੋਈ ਨਵੀਂ ਗਰੰਟੀ ਨਹੀਂ ਦਿੱਤੀ ਜਾਵੇਗੀ, ਤਾਂ ਜੋ ਅਜਿਹੇ ਤਰੀਕੇ ਨਾਲ ਕਿ ਅਜਿਹੇ ਰਿਣ ਦੀ ਅਦਲਾ-ਬਦਲੀ ਤੋਂ ਬਾਅਦ ਬਾਕੀ ਗਰੰਟੀਆਂ ਵਿੱਚ ਕੋਈ ਨਿਰੋਲ ਵਾਧਾ ਨ ਹੋਵੇ।

(5) ਰਾਜ ਸਰਕਾਰ ਦਾ ਕੋਈ ਵਿਭਾਗ ਕਿਸੇ ਦੇਣਦਾਰੀਆਂ, ਜੋ ਦੇਣਯੋਗ ਹੋ ਚੁੱਕੀਆਂ ਹਨ, ਨੂੰ ਤਿੰਨ ਮਹੀਨਿਆਂ ਤੋਂ ਵੱਧ ਮੁੱਦਤ ਲਈ ਅਣ-ਅਦਾ ਰਹਿਣ ਜਾਂ ਨਵੀਆਂ ਦੇਣਦਾਰੀਆਂ ਉਠਾਉਣ ਦੀ ਆਗਿਆ ਨਹੀਂ ਦੇਵੇਗਾ, ਜੇਕਰ ਪਹਿਲਾਂ ਉਠਾਈਆਂ ਗਈਆਂ ਦੇਣਦਾਰੀਆਂ, ਤਿੰਨ ਮਹੀਨਿਆਂ ਤੋਂ ਵੱਧ ਮੁੱਦਤ ਲਈ ਅਣ-ਅਦਾ ਰਹੀਆਂ ਹਨ।

(6) ਵਿੱਤੀ ਸਾਲ ਦੇ ਅਨੁਕ੍ਰਮ ਵਿੱਚ ਤਜਵੀਜ਼ਤ ਕੋਈ ਉਪਾਅ, ਜਿਸ ਕਰਕੇ ਮਾਲੀਆ ਘਾਟੇ ਵਿੱਚ ਵਾਧਾ ਹੋ ਸਕਦਾ ਹੈ, ਜਾਂ ਤਾਂ ਵਧੇ ਹੋਏ ਖ਼ਰਚਿਆਂ ਜਾਂ ਮਾਲੀਏ ਦੀ ਹਾਨੀ ਰਾਹੀਂ, ਉਪਚਾਰੀ ਉਪਾਵਾਂ ਦੇ ਨਾਲ ਦਿੱਤਾ ਜਾਵੇਗਾ, ਜੋ ਅਜਿਹੇ ਵਾਧੇ ਜਾਂ ਹਾਨੀ ਨੂੰ ਬੇਅਸਰ ਕਰ ਦੇਵੇਗਾ, ਅਤੇ ਅਜਿਹੇ ਉਪਾਵਾਂ ਦਾ ਸਾਫ਼-ਸਾਫ਼ ਜ਼ਿਕਰ ਕੀਤਾ ਜਾਵੇਗਾ।

(7) ਰਾਜ ਸਰਕਾਰ ਇਸ ਐਕਟ ਦੇ ਉਪਬੰਧਾਂ ਦੀ ਅਜਿਹੇ ਤਰੀਕੇ ਨਾਲ ਜੋ ਮੁਕੱਰਰ ਕੀਤਾ ਜਾਵੇ, ਪਾਲਣਾ ਲਈ ਮਿਆਦੀ ਨਜ਼ਰਸਾਨੀ ਨੂੰ ਸਿਰੇ ਚਾੜ੍ਹਨ ਲਈ ਇੱਕ ਸੁੰਤਤਰ ਬਾਹਰਲੀ ਏਜੰਸੀ ਨੂੰ ਨਿਯਤ ਕਰ ਸਕਦੀ ਹੈ।

ਨਿਯਮ ਬਣਾਉਣ ਦੀ ਸ਼ਕਤੀ।

7. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਖ਼ਾਸ ਕਰਕੇ, ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਮਾਮਲੇ ਲਈ ਉਪਬੰਧ ਕਰ ਸਕਣਗੇ, ਅਰਥਾਤ:-

(ੳ) ਧਾਰਾ 3 ਦੀ ਉਪ-ਧਾਰਾ (2) ਅਤੇ ਧਾਰਾ 5 ਦੀ ਉਪ-ਧਾਰਾ (2) ਦੇ ਖੰਡ (ੳ) ਦੇ ਪ੍ਰਯੋਜਨਾਂ ਲਈ ਮੁਕੱਰਰ ਕੀਤੇ ਜਾਣ ਵਾਲੇ ਵਿੱਤੀ ਸੰਕੇਤਕ;

(ਅ) ਧਾਰਾ 3 ਦੀ ਉਪ-ਧਾਰਾ (5) ਵਿੱਚ ਹਵਾਲਾ ਦਿੱਤੇ ਮੱਧ-ਅਉਧ ਵਿੱਤੀ ਨੀਤੀ ਵਿਵਰਣ ਦਾ ਰੂਪ;

(ਅਅ) ਧਾਰਾ 4 ਦੀ ਉਪ-ਧਾਰਾ (2) ਵਿੱਚ ਹਵਾਲਾ ਦਿੱਤੇ ਮਾਲੀਆ ਘਾਟੇ ਨੂੰ ਖ਼ਤਮ ਕਰਨ ਅਤੇ ਵਿੱਤੀ ਘਾਟੇ ਨੂੰ ਸੀਮਤ ਕਰਨ ਲਈ ਦਿਸ਼ਾ ਰੇਖਾ ਤਿਆਰ ਕਰਨਾ;

(ਏ) ਧਾਰਾ 5 ਦੀ ਉਪ-ਧਾਰਾ (2) ਅਧੀਨ ਵਿਵਰਣ ਦਾ ਰੂਪ;

(ਸ) ਧਾਰਾ 6 ਦੀ ਉਪ-ਧਾਰਾ (3) ਵਿੱਚ ਹਵਾਲਾ ਦਿੱਤੇ ਪੱਧਰ;

(ਹ) ਧਾਰਾ 6 ਦੀ ਉਪ-ਧਾਰਾ (7) ਅਧੀਨ ਇੱਕ ਸੁਤੰਤਰ ਬਾਹਰਲੀ ਏਜੰਸੀ ਦੁਆਰਾ ਮਿਆਦੀ ਨਜ਼ਰਸਾਨੀ; ਅਤੇ

(ਕ) ਕੋਈ ਹੋਰ ਮਾਮਲਾ, ਜੋ ਮੁਕੱਰਰ ਕੀਤਾ ਜਾਣਾ ਲੋੜੀਂਦਾ ਹੈ, ਜਾਂ ਮੁਕੱਰਰ ਕੀਤਾ ਜਾਵੇ।

(3) ਇਸ ਐਕਟ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਚੌਦਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਕੀਤੇ ਜਾਣੋਂ ਰਹਿ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਨੇਕ-ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਉ।

8. ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਰਾਜ ਸਰਕਾਰ ਜਾਂ ਰਾਜ ਸਰਕਾਰ ਦੇ ਕਿਸੇ ਅਧਿਕਾਰੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਹੋਰ ਕਾਨੂੰਨਾਂ ਦੇ ਲਾਗੂ ਹੋਣ ਤੇ ਰੋਕ ਨਾ ਹੋਣਾ।

9. ਇਸ ਐਕਟ ਦੇ ਉਪਬੰਧ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਦੇ ਉਪਬੰਧਾਂ ਤੋਂ ਇਲਾਵਾ ਅਤੇ ਨ ਕਿ ਉਨ੍ਹਾਂ ਦਾ ਅਲਪਣ ਕਰਨ ਵਾਲੇ ਹੋਣਗੇ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

10. (1) ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨ ਹੋਣ ਵਾਲੇ ਅਜਿਹੇ ਉਪਬੰਧ ਕਰ ਸਕਦੀ ਹੈ, ਜੋ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਪ੍ਰਤੀਤ ਹੋਣ:

ਪਰੰਤੂ ਇਸ ਐਕਟ ਦੇ ਅਰੰਭ ਤੋਂ ਦੋ ਸਾਲਾਂ ਦੀ ਮੁੱਦਤ ਗੁਜ਼ਰਨ ਪਿੱਛੋਂ ਇਸ ਧਾਰਾ ਅਧੀਨ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

(2) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਹੁਕਮ, ਉਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ ਰੱਖਿਆ ਜਾਵੇਗਾ।

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

3739/6-2026/Pb. Govt. Press, S.A.S. Nagar